# ਦਫ਼ਤਰ ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ ਲੋਕ ਨਿਰਮਾਣ ਮੰਡਲ ਸੰਗਰੂਰ

ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ, ਸਰਕਾਰੀ ਰਣਬੀਰ ਕਾਲਜ ਰੋਡ,ਸੰਗਰੂਰ-148001, ਫੋਨ ਨੰ: 01672-233081, ਈ.ਮੇਲ:-xenprsangrur@yahoo.in

ਵੱਲ

Secretary,
National Public School,
(Baba Farid Educational & Social Walfare Society)
Main Road, Village Chhajli ,
District Sangrur.

ਮੀਮੋ ਨੰ:ਪਰਲਨ/ਸ/2022/ 1867 ਮਿਤੀ: 21-6-2022

ਵਿਸ਼ਾ: ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸੰਬਧੀ।

ਹਵਾਲਾ: ਆਪ ਜੀ ਦੀ ਪ੍ਰਤੀ ਬੇਨਤੀ ਮਿਤੀ 13/06/2022.

ਆਪ ਜੀ ਦੇ ਸਕੂਲ ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਆਪ ਜੀ ਵੱਲੋਂ ਦਿੱਤੀ ਗਈ ਪ੍ਰਤੀ ਬੇਨਤੀ ਦੇ ਆਧਾਰ ਤੇ ਅਤੇ ਆਪ ਵੱਲੋਂ ਪੇਸ਼ ਕੀਤੇ ਗਏ ਨਕਸ਼ੇ ਅਤੇ ਸਬੰਧਤ ਉਪ ਮੰਡਲ ਅਫਸਰ (ਪਰ) ਦੀ ਰਿਪੋਰਟ ਅਨੁਸਾਰ ਕਿ ਬਿਲਡਿੰਗ ਵੇਖਣ ਨੂੰ ਸੁਰੱਖਿਅਤ ਜਾਪਦੀ ਹੈ ਅਤੇ ਇਹ ਇਮਾਰਤ ਵਰਤਣ ਯੋਗ ਹੈ, ਦੇ ਆਧਾਰ ਤੇ ਮਿਤੀ 31/03/2024 ਤੱਕ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ ਕਿ:-

1) ਆਪ ਇਸ ਸਮੇ ਦੌਰਾਨ ਇਸ ਬਿਲਡਿੰਗ ਦੇ ਪੇਸ਼ ਕੀਤੇ ਨਕਸ਼ੇ ਵਿੱਚ ਕੋਈ ਵਾਧਾ ਜਾਂ ਤਰਮੀਮ ਨਹੀਂ ਕਰੋਂਗੇ। ਜੇਕਰ ਆਪ ਦੀ ਸੰਸਥਾ ਵੱਲੋਂ ਅਜਿਹਾ ਕੀਤਾ ਗਿਆ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ ਅਤੇ ਆਪ ਨੂੰ ਨਵਾਂ ਸਕੂਲ ਸਰਟੀਫਿਕੇਟ ਜਾਰੀ ਕਰਵਾਉਣ ਹਿੱਤ ਦੁਬਾਰਾ ਤੋਂ ਅਪਲਾਈ ਕਰਨਾ ਹੋਵੇਗਾ।

2) ਜੇਕਰ ਆਪ ਵੱਲੋਂ ਇਸ ਬਿਲਡਿੰਗ ਵਿੱਚ ਕਿਸੇ ਕਿਸਮ ਦਾ ਵਾਧਾ ਜਾਂ ਤਰਮੀਮ ਕੀਤਾ ਜਾਂਦਾ ਹੈ ਤਾਂ ਇਹ ਕਿਸੇ ਸਰਟੀਫਾਇਡ ਇੰਜੀਨੀਅਰ ਦੀ ਦੇਖ-ਰੇਖ ਵਿੱਚ ਅਤੇ ਇਸ ਦਫਤਰ ਨੂੰ ਸੂਚਨਾ ਦਿੰਦਿਆਂ ਹੋਇਆ ਕਰਵਾਇਆ ਜਾਵੇ। ਵਾਧਾ ਮੁਕੰਮਲ ਹੋਣ ਉਪਰੰਤ ਆਪ ਇਹ ਸਰਟੀਫਿਕੇਟ ਦੁਬਾਰਾ ਤੋਂ ਜਾਰੀ ਕਰਵਾਉਗੇ।

3) ਜੇਕਰ ਕਿਸੇ ਕੁਦਰਤੀ ਕਾਰਨਾਂ ਕਰਕੇ ਇਸ ਇਮਾਰਤ ਨੂੰ ਕਿਸੇ ਕਿਸਮ ਦਾ ਨੁਕਾਸਨ ਪਹੁੰਚਦਾ ਹੈ ਤਾਂ ਇਸ ਦਫਤਰ ਨੂੰ ਫੌਰੀ ਤੌਰ ਤੇ ਸੂਚਨਾ ਦਿੱਤੀ ਜਾਵੇ ਜੀ।

4) ਇਹ ਸਰਟੀਫਿਕੇਟ <u>ਮਿਤੀ 31-03-2024 ਤੱਕ</u> ਹੀ ਵੈਲਿਡ ਹੋਵੇਗਾ।

5) ਸੜਕ ਤੋਂ ਸਕੂਲ ਤੱਕ ਅਤੇ ਸੜਕ ਕਰਾਸਿੰਗ ਲਈ ਲੋੜੀਂਦੇ ਪ੍ਰਬੰਧ ਸਹੀ ਢੰਗ ਨਾਲ ਕੀਤੇ ਜਾਣ ਅਤੇ ਲੋੜੀਂਦੇ ਨਿਸ਼ਾਨ ਚਿੰਨ ਅਤੇ ਨਿਸ਼ਾਨ ਬੋਰਡ ਆਪਣੇ ਪੱਧਰ ਤੇ ਲਗਾਏ ਜਾਣੇ ਯਕੀਨੀ ਬਣਾਏ ਜਾਣ।

6) ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਜਾਰੀ ਸਕੂਲ ਬੱਸਾਂ ਵਿੱਚ ਸੁਰੱਖਿਆ ਸਬੰਧੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

7) ਪਾਰਕਿੰਗ ਲਈ ਇੰਤਜ਼ਾਮ ਸਕੂਲ ਅਥਾਰਟੀ ਆਪਣੇ ਪੱਧਰ ਤੇ ਕਰੇਗੀ, ਜਿਸ ਨਾਲ ਪਬਲਿਕ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀਂ ਆਉਣੀ ਚਾਹੀਦੀ ਹੈ।

ਕਾਰਜਕਾਰੀ ਇੰਜੀਨੀਅਰ,
ਪੰਚਾਇਤੀ ਰਾਜ ਲੋਕ ਨਿਰਮਾਣ ਮੰਡਲ,
ਸੰਗਰੂਰ।